ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਪੰਜਾਬੀ ਵਿਆਕਰਨ ਦੇ ਵਿਸ਼ੇ ਨਾਲ ਸੰਬੰਧਿਤ ਪਾਠ- 14 'ਮੁਹਾਵਰੇ' ਅਤੇ "ਚਿੱਤਰ-ਲੇਖਣ" ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਜੇ ਸਾਰੇ ਵਿਦਿਆਰਥੀ ਤਿਆਰ ਹਨ, ਤਾਂ ਆਓ ਪੜ੍ਹਨਾ ਸ਼ੁਰੂ ਕਰੀਏ।

ਮੁਹਾਵਰੇ :- ਮੁਹਾਵਰੇ ਪੰਜਾਬੀ ਭਾਸ਼ਾ ਦੀ ਹਨ। ਸਾਡੇ ਬਜ਼ੁਰਗ ਹਮੇਸ਼ਾਂ ਗੱਲਬਾਤ ਕਰਨ ਵੇਲੇ ਮੁਹਾਵਰਿਆਂ ਦਾ ਪ੍ਰਯੋਗ ਕਰਦੇ ਸਨ। ਮੁਹਾਵਰੇ ਸੁਣਨ ਵਿਚ ਬੜੇ ਚੰਗੇ ਲੱਗਦੇ ਹਨ ਅਤੇ ਇਸ ਨਾਲ ਸਾਡੀ ਗੱਲ ਹੋਰ ਪ੍ਰਭਾਵਸ਼ਾਲੀ ਬਣ ਜਾਂਦੀ ਹੈ। ਇਹ ਮੁਹਾਵਰੇ ਆਮ ਲੋਕਾਂ ਦੁਆਰਾ ਹੀ ਬਣਾਏ ਗਏ ਸਨ। ਇਸ ਲਈ ਮੁਹਾਵਰਾ ਉਹ ਸ਼ਬਦ ਹੁੰਦਾ ਜਿਸਦੇ ਬਾਹਰੀ ਅਰਥ ਹੋਰ ਹੁੰਦੇ ਹਨ ਅਤੇ ਅੰਦਰੂਨੀ ਅਰਥ ਹੋਰ ਹੁੰਦੇ ਹਨ। ਆਓ, ਕੁਝ ਮੁਹਾਵਰਿਆਂ ਬਾਰੇ ਪੜ੍ਹੀਏ।




## ਮੁਹਾਵਰੇ

1. **ਉਸਤਾਦੀ ਕਰਨੀ** (ਚਲਾਕੀ ਕਰਨੀ)– ਸਾਨੂੰ ਵੱਡਿਆਂ ਨਾਲ ਉਸਤਾਦੀ ਨਹੀਂ ਕਰਨੀ ਚਾਹੀਦੀ।

2. **ਉੱਲੂ ਬਣਾਉਣਾ** (ਮੂਰਖ ਬਣਾਉਣਾ)– ਰਾਮ ਲਾਲ ਬੜਾ ਚਲਾਕ ਆਦਮੀ ਹੈ ਉਹ ਹਰ ਇੱਕ ਨੂੰ ਉੱਲੂ ਬਣਾ ਕੇ ਕੰਮ ਕਢਾ ਲੈਂਦਾ ਹੈ।

3. **ਉਂਗਲ ਕਰਨੀ** (ਦੋਸ਼ ਲਗਾਉਣਾ)– ਦੂਜਿਆਂ ਵੱਲ ਬਿਨਾਂ ਸਬੂਤ ਉਂਗਲ ਕਰਨੀ ਚੰਗੀ ਗੱਲ ਨਹੀਂ।

4. ਆਟੇ ਵਿੱਚ ਲੂਣ (ਘੱਟ ਗਿਣਤੀ ਵਿੱਚ ਹੋਣਾ)— ਭਾਰਤ ਵਿੱਚ ਇਸ ਸਮੇਂ ਬੋਧੀ ਲੋਕ ਆਟੇ ਵਿੱਚ ਲੂਣ ਸਮਾਨ ਹਨ। (2)

5. ਅੱਖਾਂ 'ਤੇ ਬਿਠਾਉਣਾ (ਆਦਰ ਮਾਣ ਕਰਨਾ)— ਪੰਜਾਬੀ ਘਰ ਆਏ ਮਹਿਮਾਣ ਨੂੰ ਅੱਖਾਂ 'ਤੇ ਬਿਠਾਉਂਦੇ ਹਨ।

6. ਈਦ ਦਾ ਚੰਨ ਹੋਣਾ (ਬਹੁਤ ਦੇਰ ਬਾਅਦ ਮਿਲਣਾ)— ਸੁਰਜੀਤ ਤਾਂ ਈਦ ਦਾ ਚੰਨ ਹੋ ਗਿਆ ਹੈ ਕਦੇ ਮਿਲਦਾ ਹੀ ਨਹੀਂ।

7. ਸਿਰ ਖਾਣਾ (ਰੌਲ਼ਾ ਪਾਉਣਾ)— ਅੱਜਕਲ੍ਹ ਬੱਚੇ ਨਵੀਆਂ ਚੀਜ਼ਾਂ ਲੈਣ ਲਈ ਮਾਪਿਆਂ ਦਾ ਸਿਰ ਖਾ ਜਾਂਦੇ ਹਨ।

8. ਹਰਨ ਹੋ ਜਾਣਾ (ਭੱਜ ਜਾਣਾ)— ਸਿਪਾਹੀ ਨੂੰ ਵੇਖਦਿਆਂ ਹੀ ਚੋਰ ਹਰਨ ਹੋ ਗਿਆ।

9. ਕੰਨ ਖਿੱਚਣੇ (ਸਜ਼ਾ ਦੇਣਾ)— ਮੋਹਨ ਨੇ ਘਰ ਦਾ ਕੰਮ ਨਹੀਂ ਕੀਤਾ ਸੀ, ਇਸ ਲਈ ਅਧਿਆਪਕ ਨੇ ਉਸ ਦੇ ਖ਼ੂਬ ਕੰਨ ਖਿੱਚੇ।

10. ਘਿਓ ਦੇ ਦੀਵੇ ਬਾਲਣਾ (ਖ਼ੁਸ਼ੀਆਂ ਮਨਾਉਣੀਆਂ)— ਜਦੋਂ ਰਾਮ ਚੰਦਰ ਜੀ ਲੰਕਾ ਤੋਂ ਜਿੱਤ ਕੇ ਵਾਪਸ ਆਏ ਤਾਂ ਲੋਕਾਂ ਨੇ ਘਿਓ ਦੇ ਦੀਵੇ ਬਾਲੇ।

11. ਡੰਡੇ ਵਜਾਉਣਾ (ਵਿਹਲੇ ਰਹਿਣਾ)— ਰਮੇਸ਼, ਡੰਡੇ ਵਜਾਉਣ ਨਾਲ ਕੰਮ ਨਹੀਂ ਤੁਰਨਾ, ਜਾਹ ਜਾ ਕੇ ਕੋਈ ਕੰਮ-ਧੰਦਾ ਕਰ।

12. ਬਾਂਹ ਦੇਣਾ (ਸਹਾਇਤਾ ਕਰਨੀ)— ਮੁਸੀਬਤ ਵੇਲੇ ਸੱਚੇ ਮਿੱਤਰ ਹੀ ਬਾਂਹ ਦਿੰਦੇ ਹਨ।

ਆਓ, ਹੁਣ ਪੰਨਾ ਨੰਬਰ- 55 ਹੱਲ ਕਰੀਏ।



## ਅਭਿਆਸ

(ੳ)

1. ਉੱਲੂ ਬੋਲਣੇ-(ਉਜਾੜ ਹੋਣਾ)

ਪੁਰਾਣੀਆਂ ਇਮਾਰਤਾਂ ਵਿੱਚ ਉੱਲੂ ਬੋਲਦੇ ਹਨ।

2. ਅੱਖਾਂ ਦਾ ਤਾਰਾ-(ਬਹੁਤ ਪਿਆਰਾ)

ਮਨਜੀਤ ਆਪਣੇ ਮਾਤਾ-ਪਿਤਾ ਦੀਆਂ ਅੱਖਾਂ ਦਾ ਤਾਰਾ ਹੈ।

3. ਕੰਨ ਭਰਨਾ- (ਚੁਗਲੀਆਂ ਕਰਨੀਆਂ)

ਕੰਨ ਭਰਨਾ, ਵਿਹਲੇ ਬੰਦਿਆਂ ਦਾ ਕੰਮ ਹੈ।

4. ਹੱਥ ਵਟਾਉਣਾ – (ਸਹਾਇਤਾ ਕਰਨੀ)

ਸਾਨੂੰ ਆਪਣੇ ਮਾਤਾ-ਪਿਤਾ ਦੇ ਕੰਮ ਵਿੱਚ ਹੱਥ ਵਟਾਉਣਾ ਚਾਹੀਦਾ ਹੈ।

5. ਚਾਦਰ ਤਾਣ ਕੇ ਸੌਣਾ-(ਗੂੜ੍ਹੀ ਨੀਂਦ ਸੌਣਾ)

ਇਮਤਿਹਾਨਾਂ ਤੋਂ ਬਾਅਦ ਬੱਚੇ ਚਾਦਰ ਤਾਣ ਕੇ ਸੌਂਦੇ ਹਨ।

6. ਆਟੇ ਵਿੱਚ ਲੂਣ-(ਘੱਟ ਗਿਣਤੀ)

ਭਾਰਤ ਵਿੱਚ ਬੋਧੀ ਲੋਕ ਆਟੇ ਵਿੱਚ ਲੂਣ ਵਾਂਗ ਹਨ।

7. ਸਿਰ ਖਾਣਾ- (ਰੌਲਾ ਪਾਉਣਾ)

ਬੱਚੇ ਖੇਡਦੇ ਹੋਏ ਬਹੁਤ ਸਿਰ ਖਾਂਦੇ ਹਨ।

8. ਕੰਨ ਖਿੱਚਣੇ – (ਸਜ਼ਾ ਦੇਣਾ)

ਮਾਂ ਨੇ ਆਪਣੇ ਸ਼ਰਾਰਤੀ ਬੱਚੇ ਦੇ ਕੰਨ ਖਿੱਚੇ।